BCM SCHOOL BASANT AVENUE DUGRI LUDHIANA

Class XI Arts

Subject -Punjabi

**Assignment**

1.ਪ੍ਰਸ਼ਨ: ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪੁੱਛੇ 1-5 ਪ੍ਰਸ਼ਨਾਂ ਦੇ ਉੱਤਰ ਦਿਓ:

**ਇਕ ਪਾਸੇ ਮਨੁੱਖੀ ਜੀਵਨ ਵਿਕਾਸ ਦੀਆਂ ਸਾਰੀਆਂ ਹੱਦਾਂ ਨੂੰ ਤੋੜਦਾ ਹੋਇਆ ਉੱਪਰ ਵੱਲ ਵਧ ਰਿਹਾ ਹੈ। ਦੂਜੇ ਪਾਸੇ ਪਲੀਤ ਹੋ ਰਿਹਾ ਵਾਤਾਵਰਨ ਵੀ ਆਪਣੇ ਲਈ ਡੂੰਘੇ ਟੋਏ ਪੁੱਟ ਰਿਹਾ ਹੈ। ਰੱਬ ਨੇ ਸਾਨੂੰ ਸੰਤੁਲਿਤ ਵਾਤਾਵਰਨ ਦਿੱਤਾ ਸੀ। ਸਮੇਂ 'ਤੇ ਮੌਸਮ ਦੀ ਗਤੀ ਸੀ ਅਤੇ ਕੁਦਰਤ ਵਿੱਚ ਸਾਰੇ ਪਦਾਰਥਾਂ ਦੀ ਇੱਕ ਨਿਸ਼ਚਿਤ ਮਾਤਰਾ ਸੀ। ਵਿਕਾਸ ਦੇ ਨਾਂ 'ਤੇ ਮਨੁੱਖ ਦੇ ਬੇਅੰਤ ਵਿਗਿਆਨਿਕ ਤਜਰਬਿਆਂ ਅਤੇ ਗਤੀਵਿਧੀਆਂ ਨੇ ਕੁਦਰਤ ਦੇ ਸੰਤੁਲਨ ਨੂੰ ਵਿਗਾੜ ਦਿੱਤਾ ਹੈ। ਪਾਣੀ ਦੇ ਸਾਰੇ ਸਰੋਤ ਰਸਾਇਣਿਕ ਰਹਿੰਦ-ਖੂੰਹਦ ਦਾ ਘਰ ਬਣ ਗਏ ਹਨ। ਨਦੀਆਂ ਅਤੇ ਤਾਲਾਬ ਉਦਯੋਗਿਕ ਰਹਿੰਦ-ਖੂੰਹਦ ਅਤੇ ਤੇਲ ਦੇ ਲੀਕੇਜ ਰਾਹੀਂ ਸਮੁੰਦਰ ਨੂੰ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਪਾਣੀ ਵਿਚ ਰਹਿਣ ਵਾਲੇ ਜਾਨਵਰ ਵੱਡੀ ਗਿਣਤੀ ਵਿੱਚ ਸਮੁੰਦਰੀ ਕਿਨਾਰੇ 'ਤੇ ਮਰੇ ਹੋਏ ਪਾਏ ਜਾਂਦੇ ਹਨ। ਵਾਹਨਾਂ, ਫੈਕਟਰੀਆਂ ਅਤੇ ਪਰਮਾਣੂ ਪ੍ਰਯੋਗਾਂ ਤੋਂ ਨਿਕਲਨ ਵਾਲਾ ਧੂੰਆਂ ਵਾਤਾਵਰਨ ਨੂੰ ਗੰਧਲਾ ਕਰ ਦਿੰਦਾ ਹੈ। ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਵਾਤਾਵਰਨ ਵਿੱਚ ਆਕਸੀਜਨ ਅਤੇ ਕਾਰਬਨ ਡਾਇਆਕਸਾਈਡ ਦਾ ਸੰਤੁਲਨ ਵਿਗੜ ਰਿਹਾ ਹੈ ਅਤੇ ਬਰਸਾਤ ਦਾ ਘਾਟਾ ਵੀ ਹੋ ਰਿਹਾ ਹੈ। ਮਨੁੱਖ ਲਗਾਤਾਰ ਨਵੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਅੱਜ ਦੇ ਸਮਾਜ ਵਿੱਚ ਫੇਫੜਿਆਂ ਅਤੇ ਸਾਹ ਦੀਆਂ ਬਿਮਾਰੀਆਂ, ਚਮੜੀ ਦੇ ਰੋਗ, ਕਈ ਤਰ੍ਹਾਂ ਦੇ ਕੈਂਸਰ ਫੈਲੇ ਹੋਏ ਹਨ। ਸਰਕਾਰ ਪ੍ਰਦੂਸ਼ਣ ਨੂੰ ਰੋਕਣ ਲਈ ਲਗਾਤਾਰ ਜਤਨ ਕਰ ਰਹੀ ਹੈ, ਪਰ ਇਹ ਸਾਡੇ ਯੋਗਦਾਨ ਤੋਂ ਬਿਨਾਂ ਅਸੰਭਵ ਹੈ। ਰੁੱਖ ਲਗਾਉਣਾ, ਪੋਲੀਥੀਨ ਦਾ ਬਾਈਕਾਟ ਕਰਨਾ ਅਤੇ ਕੂੜੇ ਦਾ ਸਹੀ ਨਿਪਟਾਰਾ ਕਰਨਾ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣ ਦੇ ਕੁਝ ਤਰੀਕੇ ਹਨ।**

1.ਕੁਦਰਤ ਦੇ ਸੰਤੁਲਨ ਨੂੰ ਕਿਸ ਨੇ ਵਿਗਾੜ ਦਿੱਤਾ ਹੈ?

1. ਪਲੀਤ ਹੋ ਰਹੇ ਵਾਤਾਵਰਨ ਨੇ          2.ਪਰਮਾਤਮਾ ਨੇ

3.ਮਨੁੱਖ ਦੇ ਅਨੇਕਾਂ ਵਿਗਿਆਨਿਕ ਤਜਰਬਿਆਂ ਨੇ          4.ਪਦਾਰਥਾਂ ਦੀ ਨਿਸ਼ਚਿਤ ਮਾਤਰਾ ਨੇ।

2. ਪਾਣੀ ਵਿੱਚ ਰਹਿਣ ਵਾਲੇ ਜਾਨਵਰ ਸਮੁੰਦਰ ਕੰਢੇ ਕਿਉਂ ਮਰੇ ਪਾਏ ਜਾਂਦੇ ਹਨ?

1.ਫੇਫੜਿਆਂ ਦੀਆਂ ਬਿਮਾਰੀਆਂ ਕਾਰਨ          2.ਬਰਸਾਤ ਦੇ ਘੱਟ ਹੋਣ ਕਾਰਨ

3.ਰਸਾਇਣ ਰਹਿੰਦ ਖੂਹੰਦ ਕਾਰਨ ।          4.ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਰਕੇ

3. ਪਲੀਤ ਤੋਂ ਕੀ ਭਾਵ ਹੈ?

1. ਅਪਵਿੱਤਰ। 2. ਦੂਸ਼ਿਤ 3.ਖ਼ਰਾਬ 4. ਇਹ ਸਾਰੇ

2 ਪ੍ਰਸ਼ਨ:-ਹੇਠਾਂ ਦਿੱਤੇ ਪ੍ਰਸ਼ਨਾਂ ਦੇ ਦਿੱਤੇ ਪੈਰੇ ਨੂੰ ਪੜ੍ਹ ਕੇ ਸਹੀ ਉੱਤਰ ਦਿਓ-

ਤੂੰ ਕਿਹੜੀਆਂ ਰੰਗਾਂ ਵਿੱਚ ਖੇਲੇ ,ਮੈਂ ਕੀ ਜਾਣਾ ਤੇਰੀ ਸਾਰ ਨੂੰ।

ਉਥੇ ਅਮਲਾਂ ਦੇ ਹੋਣਗੇ ਨਿਬੇੜੇ, ਜਾਤ ਕਿਸੇ ਪੁੱਛਣੀ ਨਹੀਂ।

ਕਿੱਥੋਂ ਭਾਲਦੇ ਬਜੌਰ ਦੀਆਂ ਦਾਖਾਂ, ਕਿੱਕਰਾਂ ਦੇ ਬੀਜ ਬੀਜ ਕੇ।

ਧਨ ਜੋਬਨ ਫੁੱਲਾਂ ਦੀਆਂ ਵਾੜੀਆਂ, ਸਦਾ ਨਹੀਂ ਆਬਾਦ ਰਹਿਣੀਆਂ।

1. 'ਤੂੰ ਕਿਹੜੀਆਂ ਰੰਗਾਂ ਵਿੱਚ ਖੇਲੇ' ਟੱਪੇ ਵਿੱਚ ਕਿਸ ਬਾਰੇ ਕੀ ਕਿਹਾ ਗਿਆ ਹੈ?
2. ਅਮਲਾਂ ਤੋਂ ਕੀ ਭਾਵ ਹੈ?

    1. ਕੰਮ 2.ਚੰਗੇ ਮਾੜੇ ਕਰਮ 3. ਪੈਸੇ 4. ਜਾਤ -ਪਾਤ

3. ਕਿੱਥੋਂ ਭਾਲਦੇ ਬਜੌਰ ਦੀਆਂ ਦਾਖਾਂ, ਕਿੱਕਰਾਂ ਦੇ ਬੀਜ ਬੀਜ ਕੇ।
   ਇਸ ਟੱਪੇ ਵਿੱਚ ਕਿਹੜੇ ਰੁੱਖ ਦਾ ਜ਼ਿਕਰ ਆਇਆ ਹੈ?
4. ਟੱਪਿਆਂ ਵਿੱਚ ਕਿਹਨਾਂ ਚੀਜਾਂ ਦੇ ਸਦਾ ਆਬਾਦ ਨਾ ਰਹਿਣ ਦੀ ਗੱਲ ਕੀਤੀ ਗਈ ਹੈ?

3. ਪ੍ਰਸ਼ਨ:- ਕਿਸੇ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਆਪਣੇ ਪੱਛੜੇ ਹੋਏ ਇਲਾਕ਼ੇ ਦੇ ਵਿਕਾਸ ਦੀ ਮੰਗ ਸੰਬੰਧੀ ਇਕ ਪੱਤਰ ਲਿਖੋ।

4. ਪ੍ਰਸ਼ਨ:- ਲੁਧਿਆਣਾ ਦੀ ਇੱਕ ਵਧੀਆ ਆਬਾਦੀ ਵਿੱਚ ਦਸ ਮਰਲੇ ਵਿੱਚ ਬਣੇ ਆਪਣੇ ਵਧੀਆ ਮਕਾਨ ਨੂੰ ਵੇਚਣ ਲਈ ਇੱਕ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ।

5. ਪ੍ਰਸ਼ਨ:- ਪੰਜਾਬੀ ਵਿੱਚ ਅਨੁਵਾਦ ਕਰੋ –

1.Examine the receipt property after making payment of insurance policy.

2. Central processing unit is the brain of the computer .

3.You must enter a nominee while taking insurance policy .

6 . ਪ੍ਰਸ਼ਨ:- ਹੇਠ ਦਿੱਤੇ ਮੁਹਾਵਰਿਆਂ ਨੂੰ ਇਸ ਢੰਗ ਨਾਲ ਵਾਕਾਂ ਵਿੱਚ ਵਰਤੋਂ ਕੇ ਅਰਥ ਸਪਸ਼ਟ ਹੋ ਜਾਣ –

ਪਾਣੀ ਸਿਰੋਂ ਲੰਘਣਾ, ਦੰਦਾਂ ਹੇਠ ਜੀਭ ਦੇਣੀ ,ਲਗਾਮ ਢਿੱਲੀ ਛੱਡ ਦੇਣੀ , ਨੱਕ ਥੱਲੇ ਨਾ ਆਉਣਾ।

7. ਪ੍ਰਸ਼ਨ:- ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ-

1. ਬੁਝਾਰਤਾਂ ਤੋਂ ਕੀ ਭਾਵ ਹੈ? ਬੁਝਾਰਤਾਂ ਦੀਆਂ ਮੂਲ ਕਿਸਮਾਂ ਬਾਰੇ ਦੱਸੋ।

2. ਟੱਪਿਆਂ ਦੇ ਵਿੱਚ ਕਿਨਾਂ - ਕਿਨਾਂ ਰਿਸ਼ਤਿਆਂ ਨੂੰ ਵਿਸ਼ੇ ਬਣਾਇਆ ਗਿਆ ਹੈ?

3. ਉਭੇ ਦੇ ਬੱਦਲ ਢੋਲੇ ਦਾ ਸਾਰ ਲਿਖੋ।

4.ਹੀਰ ਦੇ ਪਿਤਾ ਦਾ ਇਲਾਕ਼ੇ ਵਿਚ ਕੀ ਰੁਤਬਾ ਸੀ? ਉਸਦੇ ਪਿਤਾ ਨੇ ਉਸਦੀ ਪਰਵਰਿਸ਼ ਕਿਵੇਂ ਕੀਤੀ ਸੀ?